## ਡਾਇਰੈਕਟੋਰੇਟ ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ, ਚੰਡੀਗੜ੍ਹ

### ਹੁਕਮ

ਨੰ: 6ਐਮ.ਈ.3-ਪੰ:-2015/ ਮਿਤੀ ਚੰਡੀਗੜ੍ਹ:

ਡਾਇਰੈਕਟਰ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ੍ਰੇਣੀਆਂ ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ ਦੀ ਮੰਗ ਅਨੁਸਾਰ ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਐਸ.ਸੀ. ਸਟੂਡੈਂਟਸ ਸਕੀਮ ਅਧੀਨ ਸਾਲ 2014-15 ਨਾਲ ਸਬੰਧਤ ਸੈਂਕਸ਼ਨਡ ਡਾਟੇ ਦੀ ਲਿਸਟ ਸਕਾਲਰਸ਼ਿਪ ਪੋਰਟਲ ਤੋਂ ਪ੍ਰਾਪਤ ਕਰਕੇ, ਲਿਸਟ ਦੇ ਫੀਸਾਂ ਦੇ ਕਾਲਮ ਵਿੱਚ ਪੰਜਾਬ ਸਰਕਾਰ ਵਲੋਂ ਸਮੇਂ-ਸਮੇਂ ਸਿਰ ਜਾਰੀ ਫੀਸਾ ਦੀਆਂ ਨੋਟੀਫਿਕੇਸ਼ਨਾਂ ਅਨੁਸਾਰ ਸੋਧ ਕਰਕੇ, ਮੈਨਟੇਨੈਂਸ ਅਤੇ ਟੂਰ ਅਲਾਊਂਸ ਨਿਯਮਾਂ ਅਨੁਸਾਰ ਠੀਕ ਕਰਕੇ, ਡੁਪਲੀਕੇਟ ਕੇਸ ਰਿਜੈਕਟ ਕਰਕੇ ਅਤੇ ਸੰਸਥਾਵਾਂ ਦੀ ਰਿਪੋਰਟ ਅਨੁਸਾਰ ਕੋਰਸ ਛੱਡ ਚੁੱਕੇ ਵਿਦਿਆਰਥੀਆਂ ਦੇ ਨਾਮ ਰਿਜੈਕਟ ਕਰਕੇ ਯੋਗ ਵਿਦਿਆਰਥੀਆਂ ਦੀ ਸੋਧੀ ਲਿਸਟ (ਵਿਦਿਆਰਥੀਆਂ ਦੀ ਗਿਣਤੀ 7984, ਬਾਬਤ ਰਕਮ 34,96,89,771/-ਰੁ: (ਚੌਂਤੀ ਕਰੋੜ, ਛਿਅੰਨਵੇਂ ਲੱਖ, ਉਨੰਨਵੇਂ ਹਜਾਰ, ਸੱਤ ਸੌ, ਇੱਕਤਰ ਰੁ:)) ਡਾਇਰੈਕਟਰ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ੍ਰੇਣੀਆਂ ਭਲਾਈ ਵਿਭਾਗ ਨੂੰ ਅਦਾਇਗੀ ਲਈ ਭੇਜਣ ਦੀ ਪ੍ਰਵਾਨਗੀ ਹੇਠ ਲਿਖੀਆਂ ਸ਼ਰਤਾਂ ਉੱਤੇ ਦਿੱਤੀ ਜਾਂਦੀ ਹੈ:-

1. ਜੇਕਰ ਕਿਸੇ ਵੀ ਸਮੇਂ ਕੋਈ ਵਿਦਿਆਰਥੀ ਇਸ ਸਕਾਲਰਸ਼ਿਪ ਲਈ ਅਯੋਗ ਪਾਇਆ ਜਾਂਦਾ ਹੈ, ਤਾਂ ਉਹ ਵਿਦਿਆਰਥੀ / ਵਿਦਿਆਰਥੀ ਦੇ ਮਾਪੇ / ਸੰਸਥਾ ਪ੍ਰਾਪਤ ਹੋਈ ਸਕਾਲਰਸ਼ਿਪ ਦੀ ਰਕਮ ਨਿਯਮਾਂ ਅਧੀਨ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ੍ਰੇਣੀਆਂ ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਇੱਕ ਹਫਤੇ ਦੇ ਅੰਦਰ-ਅੰਦਰ ਆਪਣੇ-ਆਪ ਵਾਪਸ ਕਰਨ ਦਾ ਪਾਬੰਦ ਹੋਣਗੇ।

2. ਜੇਕਰ ਕਿਸੇ ਵੀ ਵਿਦਿਆਰਥੀ / ਸੰਸਥਾ ਨੂੰ ਨਿਰਧਾਰਿਤ ਰਾਸ਼ੀ ਤੋਂ ਵੱਧ ਰਾਸ਼ੀ ਦੀ ਅਦਾਇਗੀ ਹੋ ਜਾਂਦੀ ਹੈ, ਤਾਂ ਉਹ ਵਿਦਿਆਰਥੀ / ਵਿਦਿਆਰਥੀ ਦੇ ਮਾਪੇ /ਸੰਸਥਾ ਵੱਧ ਪ੍ਰਾਪਤ ਹੋਈ ਰਾਸ਼ੀ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ੍ਰੇਣੀਆਂ ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਇੱਕ ਹਫਤੇ ਦੇ ਅੰਦਰ-ਅੰਦਰ ਆਪਣੇ-ਆਪ ਵਾਪਸ ਕਰਨ ਦਾ ਪਾਬੰਦ ਹੋਣਗੇ।

ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ

ਪਿਠ ਅੰਕਣ ਨੰ: 6ਐਮ.ਈ.3-ਪੰ:-2015/ 6017 ਮਿਤੀ ਚੰਡੀਗੜ੍ਹ: 16-04-15

ਉਤਾਰਾ ਡਾਇਰੈਕਟਰ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ੍ਰੇਣੀਆਂ ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਉਪਰੋਕਤ ਲਿਸਟ ਤਸਦੀਕਸ਼ੁਦਾ ਸੀ.ਡੀ. ਸਮੇਤ ਅਦਾਇਗੀ/ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ।

ਨੱਥੀ. CD

ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ

ਪਿਠ ਅੰਕਣ ਨੰ: 6ਐਮ.ਈ.3-ਪੰ:-2015/ ਮਿਤੀ ਚੰਡੀਗੜ੍ਹ:

ਉਤਾਰਾ ਸਾਰੀਆਂ ਸਬੰਧਤ ਸੰਸਥਾਵਾਂ ਨੂੰ ਉਪਰੋਕਤ ਅਨੁਸਾਰ (ਸਮੇਤ ਲਿਸਟ) ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਈ-ਮੇਲ ਰਾਹੀਂ ਭੇਜਿਆ ਜਾਂਦਾ ਹੈ।

ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ

Scanned by CamScanner